# ਦਸਮੇਸ਼ ਇੰਨਸਟੀਚਿਊਟ ਆਫ ਰਿਸਰਚ ਐਡ ਡੈਂਟਲ ਸਾਇੰਸਜ਼
# ਫਰੀਦਕੋਟ

## ਲਿਖਤ ਬਾਬਤ ਠੇਕਾ ਮੈਸ ਸਾਲ 2019-20

1 ਮਾਤਾ ਸੀਤਾ ਜੀ ਹੋਸਟਲ, ਬੀਬੀ ਨਾਨਕੀ ਹੋਸਟਲ, ਲੜਕਿਆਂ ਦਾ ਹੋਸਟਲ, ਗਰਲਜ਼ ਹੋਸਟਲ ਨੰ: 1 ਤੇ 2 ਅਤੇ ਨਰਸਿੰਗ ਹੋਸਟਲ ਦੀ ਮੈਸ ਚਲਾਉਣ ਲਈ ਲਾਇਸੰਸਦਾਤਾ, ਲਾਇਸੰਸੀ ਨੂੰ ਕਮਰਾ, ਲੋੜੀਦਾ ਫਰਨੀਚਰ ਤੇ ਬਰਤਨ ਅਤੇ ਬਿਜਲੀ, ਪਾਣੀ ਜੋ ਪਹਿਲਾਂ ਹੀ ਮੈਸ ਵਿੱਚ ਉਪਲਬਧ ਹਨ ਪ੍ਰਦਾਨ ਕਰੇਗਾ। ਮੈਸ ਦੀ ਇਮਾਰਤ ਦੇ ਬਿਜਲੀ ਪਾਣੀ ਦਾ ਖਰਚਾ ਲਾਇਸੰਸੀ ਬਿਜਲੀ ਪਾਣੀ ਦੀ ਖਪਤ ਅਨੁਸਾਰ ਅਦਾ ਕਰੇਗਾ। ਸਮਾਨ ਗੁੰਮ ਹੋਣ ਜਾਂ ਟੁੱਟ ਭੱਜ ਹੋਣ ਤੇ ਪੂਰਤੀ ਕਰਨ ਅਤੇ ਮਰੁੰਮਤ ਕਰਵਾਉਣਾ ਲਾਇਸੰਸੀ ਦੀ ਜਿੰਮੇਵਾਰੀ ਹੋਵੇਗੀ। ਜਕੇਰ ਵਾਧੂ ਬਰਤਨ ਆਦਿ ਦੀ ਲੋੜ ਪੈਦੀ ਹੈ ਤਾਂ ਉਹਨਾ ਦਾ ਪ੍ਰਬੰਧ ਲਾਇਸੰਸੀ ਖੁਦ ਕਰੇਗਾ

2 ਲਾਇਸੰਸੀ ਖਾਣਾ, ਚਾਹ, ਦੁੱਧ ਆਦਿ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਨਿਰਧਾਰਤ ਦਰਾਂ ਤੇ ਵਿਆਿਰਥੀਆਂ ਨੂੰ ਸਮੇ ਦੋਰਾਨ ਪ੍ਰਦਾਨ ਕਰੇਗਾ।

3 ਲਇਸੰਸਦਾਤਾ 2164/- ਰੁਪਏ ਪ੍ਰਤੀ ਮਹੀਨਾ ਪ੍ਰਤੀ ਬੱਚੇ ਦੀ ਦਰ ਨਾਲ ਲਾਸੰਸੀ ਨੂੰ ਡਾਈਟ ਦਾ ਖਰਚਾ ਅਦਾ ਕਰੇਗਾ। ਲਾਇਸੰਸੀ ਲਾਸੰਸਦਾਤਾ ਨੂੰ ਡਾਇਟ ਖਰਚੇ ਵਿੱਚੋ 264/- ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਛੋਟ ਕਰੇਗਾ। ਛੋਟ ਕਰਨ ਉਪਰੰਤ ਬਾਕੀ ਰਕਮ 1900/- ਤੇ 5% ਜੀ.ਐਸ.ਟੀ. ਲਾਸੰਸਦਾਤਾ ਵੱਲੋ ਅਦਾਇਗੀ ਕਰਨ ਉਪਰੰਤ ਉਸਨੂੰ ਹਰੀ ਮਹੀਨੇ 1995/- ਰਪੁਏ ਪ੍ਰਤੀ ਵਿਦਿਆਰਥੀ ਲਾਸੰਸੀ ਨੂੰ ਅਦਾ ਕੀਤੇ ਜਾਣਗੇ।ਲਾਸੰਸੀ 500 ਰੁਪਏ ਪ੍ਰਤੀ ਮਹੀਨਾ ਕੂੜਾ ਕਰਕਟ ਉਠਾਣ ਦਾ ਖਰਚਾ ਅਤੇ 500 ਰੁਪਏ ਪ੍ਰਤੀ ਮਹੀਨਾ ਪਾਣੀ ਦਾ ਖਰਚਾ ਅਦਾ ਕਰੇਗਾ। ਇਸ ਫੀਸ ਦੀ ਰਕਮ ਲਾਇਸੰਸੀ ਵੱਲੋ ਹਰ ਮਹੀਨੇ ਡਾਇਟ ਦੇ ਪੇਸ਼ ਕੀਤੇ ਗਏ ਬਿੱਲ ਵਿੱਚੋ ਕੱਟ ਲਈ ਜਾਵੇਗੀ। ਸਮੇ ਸਿਰ ਰਕਮ ਦੀ ਕਟੌਤੀ ਨਾ ਕਰਵਾਏ ਜਾਣ ਤੇ ਲਾਇਸੰਸਦਾਤਾ ਨੂੰ ਲਾਇਸੰਸੀ ਤੋ ਮੈਸ ਖਾਲੀ ਕਰਵਾਉਣ ਦਾ ਅਤੇ ਹੋਰ ਵਿਅਕਤੀ ਨੂੰ ਮੈਸ ਦੇਣ ਦਾ ਅਧਿਕਾਰ ਹੋਵੇਗਾ।

4 ਸਾਰੇ ਹੋਸਟਲਾਂ ਦੇ ਖਾਣ ਦੇ ਰੇਟ ਇੱਕੋ ਹੀ ਹੋਣਗੇ।

5 ਲਸੰਸੀ 25000/- ਰੁਪਏ ਸਕਿਊਰਟੀ ਵਜੋ ਜਮਾ ਕਰਵਾਏਗਾ ਅਤੇ ਇਹ ਰਕਮ ਉਸ ਨੂੰ ਸਾਲ ਦੇ ਅੰਤ ਤੇ ਬਿਨਾਂ ਵਿਆਜ ਅਦਾਇਗੀ ਯੋਗ ਹੋਵੇਗੀ। ਕਿਸੇ ਕਿਸਮ ਦੀ ਕੁਤਾਹੀ ਜਾਂ ਵਸਤੂਆਂ ਵਿੱਚ ਘਟੀਆਪਨ ਪਾਇਆ ਜਾਣ ਤੇ ਲਾਇਸੰਸੀ ਨੂੰ ਲਾਇਸੰਸਦਾਤਾ ਵਲੋ ਜੁਰਮਾਨਾ ਕੀਤਾ ਜਾ ਸਕੇਗਾ ਜੋ ਇਸ ਸਕਿਊਰਟੀ ਦੀ ਰਕਮ ਵਿੱਚੋ ਕਟੌਤੀ ਕਰਕੇ ਵਸੂਲਿਆਂ ਜਾ ਸਕੇਗਾ।

6 ਸਾਰੇ ਟੈਕਸ, ਵੈਟ, ਸਰਵਿਸ ਟੈਕਸ ਆਦਿ ਅਤੇ ਫੀਸਾਂ, ਨਿਰਧਾਰਿਤ ਦਰਾਂ ਤੇ ਜੋ ਸਰਕਾਰ ਜਾ ਕਿਸੇ ਹੋਰ ਅਧਿਕਾਰੀ ਦੇ ਹੁਕਮਾਂ ਅਨੁਸਾਰ ਸਮੇ ਸਮੇ ਅਦਾਇਗੀ ਯੋਗ ਹੋਣਗੀਆਂ ਦੀ ਅਦਾਇਗੀ ਲਾਸੰਸੀ ਦੀ ਜਿੰਮੇਵਾਰੀ ਹੋਵੇਗੀ।

7 ਮੈਸ ਵਿੱਚ ਅੱਗ ਲੱਗਣ ਨੂੰ ਰੋਕਣ ਲਈ ਸਾਰੇ ਲੋੜੀਦੇ ਪ੍ਰਬੰਧ ਲਾਸੰਸੀ ਵੱਲੋ ਕੀਤੇ ਜਾਣਗੇ।

ਦਸਮੇਸ਼ ਇੰਸਟੀਚਿਊਟ ਆਫ
ਰੀਸਰਚ ਐਂਡ ਡੈਂਟਲ ਸਾਇੰਸਜ਼
ਫ਼ਰੀਦਕੋਟ।

8 ਮੈਸ ਦਾ ਸਾਰਾ ਸਟਾਫ ਲਾਸਿੰਸੀ ਦਾ ਹੋਵੇਗਾ।ਲਾਸੰਸਦਾਰ ਨਾਲ ਕਿਸੇ ਵੀ ਸਟਾਫ ਮੈਬਰ ਦਾ ਮਾਲਕ ਨੌਕਰ ਦਾ ਸਬੰਧ ਨਹੀ ਹੋਵੇਗਾ।

9 ਸਾਰੀਆਂ ਵਸਤੂਆਂ ਮੈਸ ਵਿੱਚ ਹੀ ਤਿਆਰ ਕੀਤੀਆਂ ਜਾਣਗੀਆਂ। ਕੋਈ ਵੀ ਬਾਹਰੋ ਜਾਂ ਬਜਾਰ ਵਿੱਚੋ ਲਿਆਂਦੀ ਵਸਤੂ ਜਾਂ ਬਾਸੀ ਵਸਤੂ ਗਰਮ ਕਰਕੇ ਨਹੀ ਵਰਤਾਈ ਜਾਵੇਗੀ। ਵੇਰਕਾ ਜਾਂ ਅਮੂਲ ਦਾ ਦੁੱਧ ਹੀ ਵਰਤੇਗਾ।

10 ਇਕ ਮੈਸ ਦਾ ਕਰਮਚਾਰੀ ਦੂਜੀ ਮੈਸ ਵਿੱਚ ਲਿਜਾਣ ਲਈ ਲਸੰਸੀ ਦੀ ਸਹਿਮਤੀ ਜਰੂਰੀ ਹੋਵੇਗੀ।

11 ਇਹਨਾਂ ਹੋਸਟਲਾਂ ਦੇ ਵਾਰਡਨਾਂ ਨੂੰ ਲਾਇਸੰਸੀ ਵਲੋ੍ ਮੁਫਤ ਖਾਣਾ ਦਿਤਾ ਜਾਵੇਗਾ। ਹੋਸਟਲਾ ਦੀਆਂ ਬੀਬੀਆਂ ਨੂੰ ਵੀ ਖਾਣਾ ਲਾਇਸੰਸੀ ਦੇਵੇਗਾ ਜਿਸਦੇ ਲਾਸੰਸਦਾਤਾ ਵੱਲੋ 400/- ਰੁਪਏ ਪ੍ਰਤੀ ਮਹੀਨਾ ਪ੍ਰਤੀ ਬੀਬੀ ਅਦਾ ਕੀਤੇ ਜਾਣਗੇ।

12 ਜਕੇਰ ਕੋਈ ਬੱਚਾ ਲਗਾਤਾਰ 7 ਦਿਨ ਜਾਂ ਇਸ ਤੋਂ ਵੱਧ ਦਿਨਾ ਲਈ ਹੋਸਟਲ ਵਿੱਚੋ ਖਾਣਾ ਨਹੀ ਖਾਵੇਗਾ ਤਾਂ ਬੱਚੇ ਵੱਲੋ ਖਾਣਾ ਨਾ ਖਾਣ ਵਾਲੇ ਦਿਨਾਂ ਦੇ ਪੈਸੇ ਲਾਇਸੰਸੀ ਨੂੰ ਨਹੀ ਮਿਲਣਗੇ।

13 ਜੇਕਰ ਗੈਸ ਆਜੰਸੀ ਘਰੇਲੂ ਸੈਲੰਡਰ ਦੇਣ ਤੋ ਇੰਨਕਾਰ ਕਰਦੀ ਹੈ ਅਤੇ ਕਮਰਸ਼ੀਅਲ ਗੈਸ ਸੈਲੰਡਰ ਲੈਣ ਦੀ ਲੋੜ ਪੈਦੀ ਹੈ ਤਾਂ ਇਸ ਸੰਬੰਧੀ ਲਾਸੰਸਦਾਤਾ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ ਅਤੇ ਲਾਸੰਸਦਾਰ ਜਿੰਮੇਵਾਰ ਹੋਵੇਗਾ।

14 ਲਾਸੰਸਦਾਤਾ ਵੱਲੋ ਗੈਸ ਖਰੀਦਣ ਲਈ ਗੈਸ ਐਜੰਸੀ ਨੂੰ ਅਦਾ ਕੀਤੀ ਗਈ ਰਕਮ ਦੀ ਵਸੂਲੀ ਲਸੰਸਦਾਰ ਦੇ ਬਿੱਲ ਵਿੱਚੋ ਕੀਤੀ ਜਾਵੇਗੀ।

15 ਅਧਿਕਾਰੀਆਂ, ਹੋਸਟਲਰਾਂ, ਕਰਮਚਾਰੀਆਂ ਵੱਲੋ ਮੰਗੀ ਗਈ ਵਸਤੂ ਸਪਲਾਈ ਕਰਨੀ ਲਾਇਸੰਸੀ ਦੀ ਜਿੰਮੇਵਾਰੀ ਹੋਵੇਗੀ।

16 ਲਾਇਸੰਸੀ ਮੈਸ, ਬਰਤਨ, ਵਸਤੂ ਅਤੇ ਆਪਣੇ ਕਰਮਚਾਰੀਆਂ ਦੀ ਸਫਾਈ ਦਾ ਖਾਸ ਖਿਆਲ ਰੱਖੇਗਾ। ਉਸਦੇ ਅਤੇ ਉਸਦੇ ਕਰਮਚਾਰੀਆਂ ਦੇ ਪਹਿਨੇ ਬਸਤਰ ਸਵੱਛ ਅਤੇ ਉੱਜਲ ਹੋਣਗੇ।

17 ਕਾਲਜ ਵਿੱਚ ਹੋਣ ਵਾਲੇ ਖਾਸ ਸਮਾਗਮਾਂ ਲਈ ਖਾਣ੍ਹਪੀਣ ਆਦਿ ਦਾ ਸਾਰਾ ਪ੍ਰਬੰਧ ਕਾਲਜ ਅਧਿਕਾਰੀਆਂ ਦੀ ਇੱਛਾ ਅਨੁਸਾਰ ਲਾਇਸੰਸੀ ਨੇ ਕਰਨਾ ਹੋਵੇਗਾ। ਇੰਨਾ ਤੇ ਹੋਣ ਵਾਲਾ ਖਰਚਾ ਵਾਜ਼ਬ ਦਰਾਂ ਤੇ ਲਾਇਸੰਸੀ ਨੂੰ ਲਾਇਸੰਸਦਾਤਾ ਅਦਾ ਕਰੇਗਾ।

18 ਕਾਲਜ ਵੱਲੋ ਅਦਾ ਕੀਤੇ ਜਾਣ ਵਾਲੇ ਖਰਚੇ ਦੀ ਵਸਤੂ ਸਮਰੱਥ ਅਧਿਕਾਰੀ ਦੀ ਚਿੱਟ ਤੇ ਹੀ ਲਾਇਸੰਸੀ ਪ੍ਰਦਾਨ ਕਰੇਗਾ, ਬਿਨਾਂ ਸਮਰੱਥ ਅਧਿਕਾਰੀ ਦੀ ਚਿੱਟ ਤੋ ਪ੍ਰਦਾਨ ਕੀਤੀ ਗਈ ਵਸਤੂ ਦੀ ਕੀਮਤ ਕਾਲਜ ਵਲੋ ਅਦਾ ਨਹੀ ਕੀਤੀ ਜਾਵੇਗੀ।

19 ਲਾਇਸੰਸ ਦੀ ਮਿਆਦ ਪੂਰੀ ਹੋਣ ਤੇ ਲਾਇਸੰਸੀ, ਲਾਇਸੰਸਦਾਤਾ ਦੀ ਥਾਂ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਉਸਨੂੰ ਬੇਦਖਲ ਕਰਨ ਲਈ ਕਿਸੇ ਹੋਰ ਨੋਟਿਸ ਦੇਣ ਦੀ ਲੋੜ ਨਹੀ ਹੋਵੇਗੀ।

20 ਠੇਕੇ ਦੀ ਮਿਆਦ ਪੂਰੀ ਹੋਣ ਤੋ ਪਹਿਲਾਂ ਵੀ, ਜੇਕਰ ਠੇਕੇਦਾਰ ਉੱਕਤ ਸ਼ਰਤਾਂ ਵਿੱਚੋ ਕਿਸੇ ਇੱਕ ਦੀ ਉਲੰਘਣਾ ਕਰੇਗਾ ਜਾਂ ਉਸਦੇ ਖਿਲਾਫ ਕੋਈ ਸ਼ਕਾਇਤ ਆਵੇਗੀ ਤਾਂ ਉਸ ਤੋ ਕਿਸੇ ਵੀ ਸਮੇ ਮੈਸ ਖਾਲੀ ਕਰਵਾਈ ਜਾ ਸਕਦੀ ਹੈ ਅਤੇ ਠੇਕਾ ਮਨਸੂਖ ਕੀਤਾ ਜਾ ਸਕਦਾ ਹੈ ਅਤੇ ਸਕਿਊਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ।

ਪ੍ਰਿੰਸੀਪਲ

...ਇੰਸਟੀਚਿਊਟ ਆਫ
...ਐਂਡ ਡੈਂਟਲ ਸਾਇੰਸਜ਼
ਫ਼ਰੀਦਕੋਟ।

Pallu Kumar Bhagat

ਪੱਪੂ ਕੁਮਾਰ ਭਗਤ
ਪੁੱਤਰ ਸ੍ਰੀ ਫੂਲਤਲ ਭਗਤ
ਗਲੀ ਨੰ. 1, ਬਾਜੀਗਰ ਬਸਤੀ, ਫਰੀਦਕੋਟ
ਫੋਨ
ਨੰ. 9872376505